# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸ.)।
3. ਸਮੂਹ ਜ਼ਿਲ੍ਹਾ ਅੰਗਰੇਜ਼ੀ ਕੋਆਰਡੀਨੇਟਰਜ਼।
4. ਸਮੂਹ ਜ਼ਿਲ੍ਹਾ ਮੈਥ ਕੋਆਰਡੀਨੇਟਰਜ਼।

ਮੀਮੋ ਨੰ:ਸਸਅ/ਐਮਸੀ/2011/18953-19040
ਮਿਤੀ,ਚੰਡੀਗੜ੍ਹ 22-03-2011

ਵਿਸ਼ਾ :- ਨਵੇਂ ਅੰਗਰੇਜ਼ੀ ਮਾਸਟਰ ਟ੍ਰੇਨਰ, ਮੈਥ ਮਾਸਟਰ ਟ੍ਰੇਨਰ ਰੱਖਣ ਅਤੇ ਉਨ੍ਹਾਂ ਦੇ ਬਦਲਵੇਂ ਪ੍ਰਬੰਧ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਕਿ ਸੈਸ਼ਨ 2010-11 ਵਿੱਚ ਗੁਣਾਤਮਕ ਸਿੱਖਿਆ ਦੇਣ ਦੇ ਮੰਤਵ ਨਾਲ ਵਿਸ਼ੇਸ਼ ਕਰਕੇ ਅੰਗਰੇਜ਼ੀ ਅਤੇ ਗਣਿਤ ਵਿੱਚ ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਵਿੱਚ ਸੁਧਾਰ ਲਿਆਉਣ ਲਈ ਅੰਗਰੇਜ਼ੀ ਅਤੇ ਗਣਿਤ ਵਿਸ਼ਿਆਂ ਦੇ ਕੁਆਲਟੀ ਇਮਰੂਵਮੈਂਟ ਦੇ ਪ੍ਰੋਜੈਕਟ ਸੁਰੂ ਕੀਤੇ ਗਏ ਸਨ। ਉਨ੍ਹਾਂ ਦੀ ਲਗਾਤਾਰਤਾ ਵਿੱਚ ਪ੍ਰੋਜੈਕਟਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਅਤੇ ਸੁਚਾਰੂ ਢੰਗ ਚਲਾਉਣ ਅਤੇ ਚੰਗੇ ਨਤੀਜੇ ਪ੍ਰਾਪਤ ਕਰਨ ਨੂੰ ਮੁੱਖ ਰੱਖਦਿਆਂ ਜ਼ਿਲ੍ਹਿਆਂ ਵਿੱਚ ਸਕੂਲਾਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਹੋਰ ਮੈਥ ਮਾਸਟਰ ਟ੍ਰੇਨਰ ਅਤੇ ਅੰਗਰੇਜ਼ੀ ਮਾਸਟਰ ਟ੍ਰੇਨਰ ਰੱਖੇ ਜਾਣਗੇ ਇਸ ਸਬੰਧੀ ਇਸ਼ਤਿਹਾਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਦੇ ਵੈਬ-ਸਾਈਟ ਤੇ ਜਾਰੀ ਕਰ ਦਿੱਤਾ ਗਿਆ ਹੈ ਜੀ।

3.0 ਇਸ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸ.), ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਵੇਂ ਅੰਗਰੇਜ਼ੀ ਮਾਸਟਰ ਟ੍ਰੇਨਰ ਅਤੇ ਮੈਥ ਮਾਸਟਰ ਅਤੇ ਉਨ੍ਹਾਂ ਦੇ ਬਦਲਵੇਂ ਪ੍ਰਬੰਧਾਂ ਦੀ ਚੋਣ ਜ਼ਿਲ੍ਹਾ

ਚਲਦਾ ਪੰਨਾ ...........

ਪੱਧਰ ਤੇ ਮਿਤੀ 15-04-2011 ਤੱਕ ਕਰ ਲਈ ਜਾਵੇ ਅਤੇ ਮੁੱਖ ਦਫ਼ਤਰ ਨੂੰ ਭੇਜੀ ਜਾਵੇ ਜੀ, ਤਾਂ ਜੋ ਇਨ੍ਹਾਂ ਦੀ ਨਵੇਂ ਚੁਣੇ ਜਾਣ ਵਾਲੇ ਮੈਥ ਮਾਸਟਰ ਟ੍ਰੇਨਰ ਅਤੇ ਅੰਗਰੇਜ਼ੀ ਮਾਸਟਰ ਟ੍ਰੇਨਰ ਦੀਆਂ ਪਹਿਲਾਂ ਫੀਲਡ ਵਿੱਚ ਕੰਮ ਰਹੇ ਮੈਥ ਮਾਸਟਰ ਟ੍ਰੇਨਰ ਅਤੇ ਅੰਗਰੇਜ਼ੀ ਦੇ ਨਵੇਂ ਮਾਸਟਰ ਦੇ ਨਵੇਂ ਸੈਸ਼ਨ 2011-12 ਲਈ ਜ਼ਿਲ੍ਹਾ ਰਿਸੋਰਸ ਗਰੁੱਪ ਦੀ ਟ੍ਰੇਨਿੰਗ ਦਿੱਤੀ ਜਾ ਸਕੇ।

4.0 ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਪਹਿਲਾਂ ਕੰਮ ਕਰ ਰਹੇ ਅੰਗਰੇਜ਼ੀ ਮਾਸਟਰ ਟ੍ਰੇਨਰ ਅਤੇ ਮੈਥ ਮਾਸਟਰ ਟ੍ਰੇਨਰ ਦੀ ਬਦਲੀ/ਪ੍ਰੋਮੋਸ਼ਨ/ਸਿੱਖਿਆ ਸਰਵਿਸ ਪ੍ਰੋਵਾਈਡਰ ਦੇ ਰੈਗੂਲਰ ਹੋਣ ਦੀ ਸੂਰਤ ਵਿੱਚ ਜੇਕਰ ਕੰਮ ਕਰ ਰਹੇ ਐਮ.ਐਮ.ਟੀ./ਈ.ਐਮ.ਟੀ./ਈ.ਪੀ.ਡੀ.ਸੀ./ਡੀ.ਐਮ.ਸੀ/ਐਸ.ਆਰ.ਪੀ.ਦੀ ਨਵੀਂ ਜੁਆਇਨਿੰਗ ਤੋਂ ਬਾਅਦ ਉਸਦਾ ਡੈਪੂਟੇਸ਼ਨ ਪਹਿਲਾਂ ਵਾਲੀ ਥਾਂ ਤੇ ਹੀ ਲਾਗੂ ਰਹੇਗਾ।

5.0 ਇਸ ਕੰਮ ਨੂੰ ਪਰਮ ਅਗੇਤ ਸਮੱਝਿਆ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ